
# ਖਿਮਾ ਪ੍ਰਬੋਧ



ਗਿਆਨੀ ਦਿਤ ਸਿੰਘ ਜੀ

## ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ

ਸ੍ਰੀ ਅੰਮ੍ਰਿਤਸਰ । ਭੇਟਾ ੩੦ ਪੈਸੇ

Digitized by Panjab Digital Library | www.panjabdigilib.org

# ਪੰਮਾ ਪ੍ਰਬੋਧ ਬਾਰੇ

ਭਾਈ ਦਿੱਤ ਸਿੰਘ ਜੀ ਗਿਆਨੀ ਐਡੀਟਰ 'ਖਾਲਸਾ ਅਖਬਾਰ' ਲਿਖਤ 'ਪੰਮਾ ਪ੍ਰਬੋਧ' ਦੀ ਇਕ ਕਾਪੀ ਬੜੀ ਮੁਸ਼ਕਲ ਨਾਲ ਪ੍ਰਾਪਤ ਹੋਈ ਹੈ। ਇਸ ਛੋਟੀ ਜਿਹੀ ਪੁਸਤਕ ਵਿਚ ਬਾਈ ਕੁੰਡਲੀਏ ਛੰਦਾਂ ਵਿਚ ਭਾਈ ਸਾਹਿਬ ਜੀ ਨੇ 'ਬ੍ਰਾਹਮਣ ਦੇਵਤਾ' ਦੇ ਕਾਰਨਾਮੇ ਅਤੇ ਲੋਕਾਂ ਵਿਚ ਵਰਤੀਆਂ ਜਾਂਦੀਆਂ ਕਥਾਵਾਂ, ਲੋਕ-ਅਖਾਣਾਂ ਅਤੇ ਮੁਹਾਵਰਿਆਂ ਨੂੰ ਬੜੇ ਮਜ਼ੇਦਾਰ ਢੰਗ ਨਾਲ ਪਰੋਇਆ ਹੈ।

ਸਿੰਘ ਸਭਾ ਲਹਿਰ ਦੇ ਜ਼ਮਾਨੇ ਵਿਚ ਪੰਮਿਆਂ (ਬ੍ਰਾਹਮਣਾਂ) ਵਲੋਂ ਸਿੱਖ ਧਰਮ ਦੀ ਪੁਨਰ ਸੁਰਜੀਤੀ ਨੂੰ ਬੜੀ ਕੈਰੀ ਅੱਖ ਨਾਲ ਦੇਖਿਆ ਜਾਂਦਾ ਸੀ। ਸਾਰੇ ਹਿੰਦੂ ਸਮਾਜ, ਜਿਸ ਵਿਚ ਉਨ੍ਹਾਂ ਸਿੱਖ ਵੀ ਧੱਕੇ ਨਾਲ ਸ਼ਾਮਲ ਕੀਤੇ ਹੋਏ ਸਨ, ਵਰਣ-ਆਸ਼ਰਮ ਤੇ ਜ਼ਾਤ ਪਾਤ ਵਿਚ ਤਾਂ ਵੰਡਿਆ ਹੀ ਹੋਇਆ ਸੀ, ਪਰ ਇਸ ਨਾਲੋਂ ਵੀ ਵੱਧ ਆਪਣੀ ਉਚਤਾ ਇਹ ਕਹਿਕੇ ਦ੍ਰਿੜ ਕਰਾਈ ਜਾਂਦੀ ਸੀ ਕਿ ਬ੍ਰਾਹਮਣ ਤਾਂ ਈਸ਼ਵਰ ਦੇ ਮੂੰਹ ਚੋਂ ਨਿਕਲਿਆ ਹੋਇਆ ਹੈ, ਹੋਰ ਜ਼ਾਤਾਂ ਬਾਹਾਂ, ਲੱਤਾਂ, ਪੈਰਾਂ ਵਿਚੋਂ ਬਣੀਆਂ ਨੀਚ ਹਨ।

ਸਿੰਘ ਸਭਾ ਲਹਿਰ ਨੇ ਅਨੰਦ ਕਾਰਜ ਅਰੰਭ ਕੀਤੇ ਤਾਂ ਪੰਮਿਆਂ (ਬ੍ਰਾਹਮਣਾਂ) ਵਲੋਂ ਉਨ੍ਹਾਂ ਦਾ ਘੋਰ ਵਿਰੋਧ ਕੀਤਾ ਗਿਆ, ਸਿੱਖਾਂ ਦੇ ਅਤੇ ਅਨੰਦ ਕਾਰਜ ਦੀ ਰੀਤੀ ਦੇ ਕਈ ਤਰ੍ਹਾਂ ਨਾਲ ਮਖੌਲ ਉਡਾਏ ਜਾਂਦੇ ਰਹੇ।

ਇਸ ਕਿਸਮ ਦੀਆਂ ਸਾਰੀਆਂ ਦੁਖਦਾਈ ਕਾਰਵਾਈਆਂ ਨੂੰ ਮੁੱਖ ਰਖਕੇ ਗਿਆਨੀ ਦਿੱਤ ਸਿੰਘ ਜੀ ਨੇ ਜੋ ਇਹ ਛੋਟੀ ਜਿਹੀ ਪੁਸਤਕ ਤਿਆਰ ਕੀਤੀ, ਉਸਦਾ



Digitized by Panjab Digital Library | www.panjabdigilib.org

ਪਿਛੋਕੜ ਜਾਣਕੇ ਗਿਆਨੀ ਜੀ ਵਲੋਂ ਕੀਤੀ ਗਈ ਸੁਧਾਈ ਜਾਂ ਪੰਮਿਆਂ ਨੂੰ ਪ੍ਰਬੋਧਣ ਦੀ ਕਾਰਵਾਈ ਦੇ ਨਤੀਜੇ ਅੱਜ ਉਹ ਭਾਵੇਂ ਨਹੀਂ ਭੁਗਤਣੇ ਪੈਂਦੇ, ਜੋ ਉਸ਼ ਵੇਲੇ ਇਨ੍ਹਾਂ ਲੋਕਾਂ ਵਲੋਂ ਗੈਰ ਬ੍ਰਾਹਮਣਾਂ ਨਾਲ ਕਰੜੇ ਵਰਤਾਉ ਤੋਂ ਨਿਕਲਦੇ ਸਨ, ਪਰ ਇਸ ਵਿਚ ਸੰਦੇਹ ਨਹੀਂ, ਇਹ ਜਾਤੀ ਅੱਜ ਵੀ ਆਪਣੇ ਆਪ ਨੂੰ ਉਚੀ ਅਤੇ ਰਾਜ ਭਾਗ ਤੇ ਸਮਾਜ ਨੂੰ ਅਗੇ ਲਾ ਕੇ ਹੱਕਨ ਵਾਲੀ ਗਲ ਨੂੰ ਸਮਝ ਰਹੀ ਹੈ, ਇਸ ਲਈ ਅਜ ਵੀ ਇਹ ਪੰਮਾ ਪ੍ਰਬੋਧ ਪੜ੍ਹਨਾ ਅਰਥ ਹੀਣ ਨਹੀਂ। ਕਵਿਤਾ ਦਾ ਰੰਗ ਆਪਣਾ ਨਿਰਾਲਾ ਕਟਾਖਸ਼ਾਂ ਭਰਪੂਰ ਤੇ ਵਿਨੋਦੀ ਹੈ।

ਸਿੰਘ ਸਭਾ ਸ਼ਤਾਬਦੀ ਕਮੇਟੀ ਇਹ ਛੋਟੀ ਜਿਹੀ ਪੁਸਤਕ ਪਾਠਕਾਂ ਦੀ ਭੇਟਾ ਕਰਕੇ ਭਾਈ ਸਾਹਿਬ ਜੀ ਲਿਖਤ ਸਾਰੀਆਂ ਪੁਸਤਕਾਂ ਛਾਪਣ ਦਾ ਇਕ ਛੋਟਾ ਜਿਹਾ ਹੋਰ ਪੜਾ ਪੂਰਾ ਕਰ ਰਹੀ ਹੈ।

ਗੁਰਦਿਤ ਸਿਘ ਗਿਆਨੀ
ਜਨਰਲ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ
ਸ਼ਤਾਬਦੀ ਕਮੇਟੀ ਅੰਮ੍ਰਿਤਸਰ।

Digitized by Panjab Digital Library | www.panjabdigilib.org

# ਪੰਮਾਂ ਪ੍ਰਬੋਧ

(ਗੁਰਪੁਰਵਾਸੀ, ਪੰਥ ਰਤਨ, ਪ੍ਰੋ: ਦਿਤ ਸਿੰਘ ਜੀ ਗਿਆਨੀ,
ਓਰੀਐਂਟਲ ਕਾਲਜ ਲਾਹੌਰ, ਲਿਖਤ)

— ਕੁੰਡਲੀਏ —

ਦੇਖਾ ਮੈਂ ਅਜ਼ਮਾਇ ਕੇ ਪੜਿਆ ਵਿਚ ਪੂਰਾਨ ।
ਬਾਮਣ ਜੈਸਾ ਜਗਤ ਮਹਿ ਬੁਰਾ ਨ ਕੋਈ ਆਨ ।
ਬੁਰਾ ਨ ਕੋਈ ਆਨ ਭੈਰਵੀ ਭੂਤ ਪਿਸਾਚਾ ।
ਸਭ ਬਾਮਣ ਤੇ ਹੇਠ ਕਹਾ ਮੈ ਸਗਰਾ ਸਾਚਾ ।
ਕਹੇ ਦਿੱਤ ਮ੍ਰਿਗਿੰਦ ਰੰਚ ਨਹਿ ਕਰੋ ਭੁਲੇਖਾ ।
ਸਭ ਪਾਪਨ ਮੈਂ ਪਾਪ ਠੀਕ ਮੈਂ ਪੰਮਾਂ ਦੇਖਾ । 1 ।

ਬੁਰਾ ਭਲੇ ਸਿਉ ਕਰਨ ਕਾ ਇਨਕਾ ਸਦਾ ਸਭਾਉ ।
ਛੱਡਨ ਜੜ ਤੇ ਮੂਲ ਨਾ ਜੇ ਲਗ ਜਾਵੇ ਦਾਉ ।
ਜੇ ਲਗ ਜਾਵੇ ਦਾਉ ਕਰਨ ਤਦ ਤੁਰਤ ਬੁਰਾਈ ।
ਕਈ ਸੰਤ ਅਵਤਾਰ ਭੂਪ ਇਨ ਦਏ ਗਿਰਾਈ ।
ਕਹੇ ਦਿਤ ਮ੍ਰਿਗਿੰਦ ਹਾਥ ਜਬ ਪਕੜੇ ਛੁਰਾ ।
ਸਭੀ ਕਹਤ ਹੈ ਲੋਗ ਵਹੀ ਬਾਮਣ ਹੈ ਬੁਰਾ । 2 ।

ਬਾਮਣ ਮੱਥੇ ਲਗਿਆਂ ਹੁੰਦਾ ਕਾਮ ਖੁਆਰ ।
ਸਨਮੁਖ ਮਿਲੇ ਚੁਮਾਰ ਦੇ ਆਵੇ ਕਾਮ ਸੁਵਾਰ ।
ਆਵੇ ਕਾਮ ਸੁਵਾਰ ਲੋਗ ਇਹ ਲਗਨ ਵਿਚਾਰਨ ।
ਨਜ਼ਰ ਪਵੇ ਜੇ ਪੋਪ ਪੈਰ ਨਹਿ ਆਗੇ ਧਾਰਨ ।
ਕਹੇ ਦਿੱਤ ਮ੍ਰਿਗਿੰਦ ਨਿਜ ਇਹ ਜਗ ਮਹਿ ਜੰਮਨ ।

Digitized by Panjab Digital Library | www.panjabdigilib.org

ਬੁਰਾ ਕਰਨ ਸਭ ਹੇਤ ਨਾਮ ਜਿਨ ਕਾ ਹੈ ਬੰਮਨ। 3।

ਰਾਜਾ ਬਲ ਨੂੰ ਪਕੜ ਕੈ ਭੇਜਿਆ ਇਨਾ ਪਤਾਲ।
ਸਫਾ ਲਪੇਟੀ ਉਸਦੀ ਬੇੜਾ ਦਿਤਾ ਗਾਲ।
ਬੇੜਾ ਦਿਤਾ ਗਾਲ ਲੋਗ ਕਹਿੰਦੇ ਸਾਰੇ।
ਬਾਮਣ ਬਾਵਨ ਹੋਇ ਤਾਹਿ ਕੇ ਗਿਆ ਦੁਵਾਰੇ।
ਕਹੇ ਦਿੱਤ ਮ੍ਰਿਗਿੰਦ ਰੰਚ ਨਹਿ ਕੀਨੀ ਲਾਜਾ।
ਮਾਰਿਆ ਬਿਨ ਅਪਰਾਧ ਪੋਪ ਨੇ ਜਾ ਬਲ ਰਾਜਾ। 4।

ਕਿਸਨੂੰ ਗੁੱਝੀ ਬਾਤ ਹੈ ਭ੍ਰਿਗੂ ਬਾਮਣ ਕੇਰ।
ਗਿਆ ਸੁਮੰਦ੍ਰ ਖੀਰ ਮੈਂ ਹਰਿ ਕੇ ਪਾਸ ਦਲੇਰ।
ਹਰਿ ਕੇ ਪਾਸ ਦਲੇਰ ਲੱਤ ਤਿਨ ਐਸ ਚਲਾਈ।
ਖਬੀ ਬਖੀ ਵਿਚ ਨਸ਼ਾਨੇ ਦਾਰ ਲਗਾਈ।
ਕਹੇ ਦਿਤ ਮ੍ਰਿਗਿੰਦ ਕਹੇ ਉਹ ਜਾ ਕੇ ਕਿਸ ਨੂੰ।
ਬਾਮਣ ਦਾ ਦੁਖ ਫੋਲ ਲੱਤ ਲਗੀਦਾ ਵਿਸਨੂੰ। 5।

ਭਾਰਤ ਪਿਆ ਪੁਕਾਰਦਾ ਇਨ ਕੇ ਬੁਰੇ ਅਚਾਰ।
ਦ੍ਰੁਪਤ ਸੁਤਾ ਦੇ ਪੰਜ ਸੁਤ ਅਸ ਅਸਥਾਮੇ ਮਾਰ।
ਅਸ ਅਸਥਾਮੇ ਮਾਰ ਜਾਇ ਦੁਰਜੋਧਨ ਦੀਨੇ।
ਰੋਇਆ ਪਿਖ ਕਰ ਭੂਪ ਕਹੀ ਸੁਨ ਬਿਪ ਕਮੀਨੇ।
ਮਾਰ ਭਤੀਜੇ ਭ੍ਰਾਤ ਕਰੇ ਤੈ ਮੇਰੇ ਆਰਤ।
ਹੋਇ ਗਏ ਨਿਰ ਬੰਸ ਖੋਲ ਕਰ ਪੜ ਲੋ ਭਾਰਤ। 6।

ਹਰੀ ਚੰਦ ਦੇ ਨਾਲ ਇਨ ਕੀਤਾ ਕਿਹਾ ਸਲੂਕ।
ਚੂੜੇ ਪਾਸ ਵਿਕਾਇਆ ਦੇਖੋ ਭੂਪ ਮਲੂਕ।
ਦੇਖੋ ਭੂਪ ਮਲੂਕ ਸੂਰ ਸਨ ਜਿਸੇ ਚਰਾਏ।
ਮਰਘਟ ਉਪਰ ਰੱਖ ਦਾਮ ਜਿਨ ਖਰੇ ਕਰਾਏ।
ਮਾਰਿਆ ਪੁੱਤ੍ਰ ਫੇਰ ਨਾਰ ਭੀ ਨੰਗੀ ਕਰੀ।
ਰੋਵੇ ਭੂਪ ਨਿਹਾਰ ਬੁਰੀ ਬਾਮਣ ਜੋ ਕਰੀ। 7।



Digitized by Panjab Digital Library | www.panjabdigilib.org

ਦਸਰਥ ਨੰਦਨ ਰਾਮ ਸੋ ਕੇਹੀ ਕੀਨੀ ਬਾਤ।
ਦਹਸਿਰ ਮਿਸਰ ਲੈ ਗਿਆ ਛਲ ਸੀਤਾ ਜਗ ਮਾਤ।
ਛਲ ਸੀਤਾ ਜਗ ਮਾਤ ਆਪਨੇ ਧਾਮ ਰਖਾਈ।
ਕਰ ਛਤ੍ਰੀ ਸੋ ਵੈਰ ਲਾਜ ਕੀਨੀ ਨਹੀ ਰਾਈ।
ਕਹੇ ਦਿਤ ਮ੍ਰਿਗਿੰਦ ਸਿੰਧ ਕਾ ਭਾਰੀ ਜੋ ਪਥ।
ਲੈ ਕਰ ਕਪ ਕੀ ਸੈਨ ਗਏ ਤਦ ਨੰਦਨ ਦਸਰਥ।8।

ਚੁਨ ਚੁਨ ਮਾਰੇ ਛਤ੍ਰੀ ਪਰਸ ਰਾਮ ਨੇ ਧਾਇ।
ਰਾਮ ਚੰਦ ਦੇ ਬਿਆਹ ਮੇ ਭੰਗ ਦਿਆ ਜਿਨ ਪਾਇ।
ਭੰਗ ਦਿਆ ਜਿਨ ਪਾਇ ਜੰਞ ਰਸਤੇ ਅਟਕਾਈ।
ਟਲਾ ਨ ਤਬ ਤਕ ਪੋਪ ਨਾਹਿ ਮੁਖ ਕੀ ਜਬ ਖਾਈ।
ਕਹੇ ਦਿਤ ਮ੍ਰਿਗਿੰਦ ਭੂਪ ਦਸਰਥ ਸਿਰ ਧੁਨ ਧੁਨ।
ਕਹੇ ਗਿਆ ਇਹ ਆਇ ਭੂਪ ਜਿਨ ਮਾਰੇ ਚੁਨ ਚੁਨ।9।

ਛੇਵਾਂ ਸੱਚਾ ਪਾਤਸ਼ਾਹ ਪੀਰੀ ਮੀਰੀ ਧਾਰ।
ਪਹਨ ਲਈ ਜਦ ਗਾਇਤਰੇ ਤਿਨ ਦੋਨੋ ਤਲਵਾਰਾਂ।
ਤਿਨ ਦੋਨੋ ਤਲਵਾਰ ਜੰਗ ਜਗ ਕਰੇ ਕਰਾਰੇ।
ਤਿਨ ਕੋ ਦੀਨੀ ਜ਼ਹਰ ਹਾਇ ਬਾਮਣ ਹਤਿਆਰੇ।
ਕਹੇ ਦਿਤ ਮ੍ਰਿਗਿੰਦ ਨਾਮ ਇਨਕਾ ਨਾ ਲੇਵਾਂ।
ਕਰਨਾ ਚਹਿਆ ਘਾਤ ਗੁਰੂ ਜਦ ਇਨ ਨੈ ਛੇਵਾਂ।10।

ਦਸਮੇ ਗੁਰ ਦੇ ਲਾਡਲੇ ਜੋ ਸਨ ਦੋਏ ਲਾਲ।
ਘਰ ਦੇ ਬਾਮਣ ਨੇ ਕਰੇ ਮਿਲ ਕੇ ਤੁਰਕਾਂ ਨਾਲ।
ਮਿਲ ਕੇ ਤੁਰਕਾਂ ਨਾਲ ਲੋਭ ਦੇ ਹੋ ਕਰ ਦੀਨੇ।
ਜਾਇ ਮੁਰੰਡੇ ਵਿਚ ਤੁਰਤ ਹਾਵਾਲੇ ਕੀਨੇ।
ਨੀਵਾਂ ਹੇਠ ਦਬਾਇ ਹਾਇ ਬਾਮਣ ਨਾ ਖਸਮੇ।
ਮਰਵਾਏ ਦੋ ਹੰਸ ਪਿਆਰੇ ਜੋ ਗੁਰ ਦਸਮੇ।11।

ਕਲਗੀਧਰ ਨੇ ਕੋਪ ਕਰ ਸਿੱਖਨ ਕਹਾ ਪੁਕਾਰ।



Digitized by Panjab Digital Library | www.panjabdigilib.org

ਮੇਰਾ ਸਿੱਖ ਨ ਬਰਤਸੀ ਬਾਮਣ ਸੋਂ ਕਰ ਪਿਆਰ।
ਬਾਮਣ ਸੋਂ ਕਰ ਪਿਆਰ ਹਾਥ ਤਿਸਕੇ ਕਾ ਖਾਣਾ।
ਕਦੇ ਨ ਖਾਵੇ ਸਿੱਖ ਯਹੀ ਗੁਰ ਕਾ ਫੁਰਮਾਣਾ।
ਕਹੇ ਦਿਤ ਮ੍ਰਿਗਿੰਦ ਪੰਥ ਯਹ ਆਗਿਆ ਸੁਨ ਕਰ।
ਹੋਇ ਗਿਆ ਸਾਵਧਾਨ ਮਾਨ ਬਚ ਮਨ ਕਲਗੀਧਰ। 12।

ਪਰ ਇਹ ਕਚੇ ਭੂਤਨੇ ਕਦ ਛਡਦੇ ਸਨ ਸਾਥ।
ਮਿਲ ਕਰ ਵਿਚ ਦਖਾਵਣੇ ਚਹੇ ਜਿਨੋਂ ਨੇ ਹਾਥ।
ਚਹੇ ਜਿਨੋਂ ਨੇ ਹਾਥ ਕੇਸ ਸਿਰ ਤੁਰਤ ਰਖਾਏ।
ਹੋਕਰ ਮਿਸਰਾ ਸਿੰਘ ਪੈਂਚ ਬਨ ਅਗੇ ਆਏ।
ਕਹੇ ਦਿੱਤ ਮ੍ਰਿਗਿੰਦ ਰਹਤ ਕੱਕਾਰਨ ਧਰ ਕਰ।
ਬਨੇ ਸਿੰਘ ਕੇ ਰੂਪ ਰਝਾਵਨ ਪਰੀ ਪਰ ਪਰ। 13।

ਪੱਟਿਆ ਘਰ ਲਾਹੌਰ ਦਾ ਹੋ ਕਰਕੇ ਮੁਖਤਿਆਰ।
ਸਤਲੁਜ ਦੇ ਵਿਚ ਡੋਬਿਆ ਸਿੰਘਾਂ ਦਾ ਦਲ ਭਾਰ।
ਸਿੰਘਾਂ ਦਾ ਦਲ ਭਾਰ ਫੇਰ ਜੱਲੇ ਨੇ ਯਾਰੋ।
ਮਾਰਿਆ ਹੀਰਾ ਸਿੰਘ ਕਢ ਬਾਹਰ ਪਰਵਾਰੋ।
ਕਹੇ ਦਿੱਤ ਮ੍ਰਿਗਿੰਦ ਨਫਾ ਇਹ ਸਿੰਘਨ ਪੱਟਿਆ।
ਕਰਕੇ ਬਾਮਣ ਯਾਰ ਧਾਮ ਅਪਨਾ ਹੀ ਪੱਟਿਆ। 14।

ਕਾਲ ਬਾਗੜ ਤੇ ਉਪਜੇ ਬੁਰਾ ਬਾਮਣ ਤੇ ਹੋਇ।
ਦੇਖ ਕਹਾਵਤ ਕਹੋ ਖਾਂ ਜਾਨਤ ਨਾਹੀ ਕੋਇ।
ਜਾਨਤ ਨਾਹੀ ਕੋਇ ਭਲਾ ਕਦ ਇਨ ਨੇ ਕੀਆ।
ਕਿਸ ਸੁਭ ਕਾਰਜ ਵਿਚ ਕਦੇ ਯਸ਼ ਇਨੇ ਨੇ ਲੀਆ।
ਕਹੇ ਦਿਤ ਮ੍ਰਿਗਿੰਦ ਕਹਾਂ ਮੈ ਕਿਸ ਨੂੰ ਹਾਲ।
ਬਾਮਣ ਜਿਸਦਾ ਮੀਤ ਲਖੋ ਤਿਸ ਆਇਆ ਕਾਲ। 15।

ਨਾਮਾ ਭਗਤ ਪ੍ਰੇਮ ਤੇ ਗਿਆ ਦਿਵਾਲੇ ਬੀਚ।
ਧਕੇ ਦੇਕੇ ਕਢਿਆ ਕਹ ਕੇ ਮੁਖ ਤੇ ਨੀਚ।


Digitized by Panjab Digital Library | www.panjabdigilib.org

ਕਹ ਕੇ ਮੁਖ ਤੇ ਨੀਚ ਨਰਾਦਰ ਤਾਕਾ ਕੀਆ।
ਪੰਡੀਏ ਪੰਡੀਏ ਆਖ ਫੇਰ ਜਿਨ ਬਦਲਾ ਲੀਆ।
ਕਹੇ ਦਿੱਤ ਮ੍ਰਿਗਿੰਦ ਦੇਖ ਬਾਮਣ ਕੇ ਕਾਮਾ।
ਦੂਰ ਕਰੇ ਕਰਤਾਰ ਗਲੇ ਸੋ ਲਾਓ ਨਾਮਾ।16।

ਦੇਖੋ ਭਗਤ ਕਬੀਰ ਨੂੰ ਲੱਗੇ ਕਰਨ ਖੁਆਰ।
ਕਹਨ ਜੁਲਾਹਾ ਨਿਰਧਨੀ ਛੁਹੇ ਨ ਸਾਥ ਹਮਾਰ।
ਛੁਹੇ ਨੇ ਸਾਥ ਹਮਾਰ ਕਹਨ ਯਹ ਸੂਦ੍ਰ ਜਾਮਾ।
ਗੁੱਸੇ ਹੋਇ ਕਬੀਰ ਦਯੋ ਤਦ ਏਹ ਆਨਾਮਾਂ।
ਕਹੀ ਦਿਤ ਮ੍ਰਿਗਿੰਦ ਕਹੀ ਰੇ ਪੰਡੀਏ ਪੇਖੋ।
ਕਬ ਕੇ ਬ੍ਰਹਮਨ ਭਏ ਭਏ ਜਨਮ ਮਤ ਖੋਵੋ ਦੇਖੋ।17।

ਤੁਮ ਕਤ ਬ੍ਰਹਮਨ ਹੋ ਗਏ ਹਮ ਕੈਸੇ ਕਰ ਸੂਦ।
ਹਮ ਮੈ ਲੋਹੂ ਹੈ ਭਲਾ ਕਯਾ ਤੁਮਾਰੇ ਮਹਿ ਦੂਧ।
ਕਿਆ ਤੁਮਰੇ ਮਹਿ ਦੂਧ ਭਲਾ ਜੇ ਬ੍ਰਾਹਮਨੀ ਜਾਇਆ।
ਤਾਂ ਤੂੰ ਕਿਉਂ ਨਾ ਜੰਮ ਹੋਰ ਰਸਤੇ ਨੂੰ ਆਇਆ।
ਕਹੇ ਦਿਤ ਮ੍ਰਿਗਿੰਦ ਭਗਤ ਜੀ ਜੋ ਪੁਰਖੋਤਮ।
ਕੀਆ ਪੋਪ ਕੋ ਖੁਆਰ ਬਨਤ ਥੋ ਜੋ ਤਬ ਉਤਮ।18।

ਚਾਇ ਭਗਤ ਰਵਿਦਾਸ ਨੂੰ ਆਖਯਾ ਢੇਡ ਚੁਮਾਰ।
ਛੂਤ ਛੂਤ ਅਰ ਦੂਰ ਹੋ ਆਖਨ ਤਿਸੇ ਪੁਕਾਰ।
ਆਖਨ ਤਿਸੇ ਪੁਕਾਰ ਕਰੀ ਕਰਤਾਰ ਅਜੇਹੀ।
ਹੰਕਾਰੀ ਕੇ ਹੇਤ ਕਰਤ ਕਰਨਾ ਨਿਧ ਜੇਹੀ।
ਕਹੇ ਦਿਤ ਮ੍ਰਿਗਿੰਦ ਪਰੇ ਫਿਰ ਚਰਨੀ ਆਇ।
ਗੁਰੂ ਗ੍ਰੰਥ ਦੇ ਸਾਖ ਦੇਖ ਲੋ ਜੇ ਮਨ ਚਾਇ।19।

ਜਾਤੀ ਦੇ ਅਭਮਾਨ ਨੇ ਕਰਿਆ ਇਨ ਨੂੰ ਖੁਆਰ।
ਹਰ ਇਕ ਸਾਧੂ ਭਗਤ ਤੇ ਜਿਨ ਲੀਨੀ ਧਿਕਾਰ।
ਜਿਨ ਲੀਨੀ ਧਿਕਾਰ ਤੁਰਤ ਫੜ ਅਲਖ ਚੁਕਾਈ।


Digitized by Panjab Digital Library | www.panjabdigilib.org

ਤੋੜੇ ਮੰਦ੍ਰ ਬੁੱਤ ਮੁਖ ਮਹਿ ਥੁੱਕ ਥੁਕਾਈ।
ਕਹੇ ਦਿਤ ਮ੍ਰਿਗਿੰਦ ਸ਼ਰਮ ਇਨ ਕੋ ਨਹੀ ਆਤੀ।
ਗਈ ਅਧੋ ਤੇ ਅਧੋ ਬਨਤ ਜੋ ਉਤਮ ਜਾਤੀ। 20।

ਅੰਗਰੇਜ਼ੀ ਇਸ ਰਾਜ ਮੈ ਦੇਖੋ ਇਨ ਕੀ ਕਾਰ।
ਕਾਤਬ ਛਾਤਬ ਬਨ ਗਏ ਕਿਤਨੇ ਪਖੇ ਦਾਰ।
ਕਿਤਨੇ ਪਖੇ ਦਾਰ ਲਾਂਗਰੀ ਬਹੁਤ ਬਨਾਏ।
ਜਿਨ ਕੋ ਕਹਤੇ ਸੂਦ ਤਿਨੋਂ ਬਰਤਨ ਮੰਜਵਾਏ।
ਕਹੇ ਦਿਤ ਮ੍ਰਿਗਿੰਦ ਕਰਤ ਕਿਤਨੇ ਅੰਗਰੇਜ਼ੀ।
ਇਹ ਇਜ਼ਤ ਇਨ ਲਈ ਰਾਜ ਅੰਦ੍ਰ ਅੰਗਰੇਜ਼ੀ। 21।

ਬਾਮਣ ਕੇ ਸਾਥ ਵਿਹਾਰ ਤੂੰ ਕਰੀ ਨ ਰੰਚਕ ਮੀਤ।
ਦੂਰ ਰਖਨੇ ਏਸ ਦੇ ਹੋਸੀ ਤੇਰੀ ਜੀਤ।
ਹੋਸੀ ਤੇਰੀ ਜੀਤ ਬਾਤ ਇਹ ਮੰਨੀ ਮੇਰੀ।

ਕਰ ਲੈ ਖੂਬ ਅਨੰਦ ਪੇਜ ਨਹਿ ਵਿਗੜੀ ਤੇਰੀ।
ਕਹੇ ਦਿਤ ਮ੍ਰਿਗਿੰਦ ਮੀਤ ਇਹ ਹੋਵਤ ਕਿਸਕੇ।
ਕਰੋ ਕਨਾਰਾ ਚਾਹਿ ਪੜੋ ਮਤ ਪੀਛੇ ਇਸਕੇ॥ 22॥

Digitized by Panjab Digital Library | www.panjabdigilib.org

# ਸ੍ਰੀ ਗੁਰੂ ਸਿੰਘ ਸਭਾ ਸ਼ਤਾਬਦੀ ਕਮੇਟੀ

ਦਾ ਮਾਸਕ ਪੱਤਰ

# ਸਿੰਘ ਸਭਾ ਪੱਤ੍ਰਿਕਾ

ਹਰ ਮਹੀਨੇ ਇਕ ਪੂਰੀ ਕਿਤਾਬ ਵਾਂਗ
ਹਰ ਪੰਥ ਦਰਦੀ, ਗੁਰਸਿਖ ਘਰਾਣੇ ਵਿਚ
ਸੰਭਾਲ ਕੇ ਰਖਣ ਯੋਗ

ਸਾਲਾਨਾ ਚੰਦਾ { ਦੇਸ ੧੫ ਰੁਪਏ
ਪ੍ਰਦੇਸ ੨੫ ਰੁਪਏ

ਜਨਰਲ ਸਕਤਰ
ਸਿੰਘ ਸਭਾ ਸ਼ਤਾਬਦੀ ਕਮੇਟੀ
ਨਜ਼ਦੀਕ ਤੇਜਾ ਸਿੰਘ ਸਮੁੰਦਰੀ ਹਾਲ, ਅੰਮ੍ਰਿਤਸਰ।

Digitized by Panjab Digital Library | www.panjabdigilib.org